੧ੳ ਵਾਹਿਗੁਰੂ ਜੀ ਕੀ ਫਤਹਿ।।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ (ਬ-ਹੈਸੀਅਤ ਪ੍ਰਬੰਧਕ ਕਮੇਟੀ ਗੁ:ਸਾਹਿਬਾਨ ਸੈਕਸ਼ਨ- 85) ਦੀ ਇੱਕਤਰਤਾ ਮਿਤੀ **03-05-2012** ਦੇ ਮਤਾ ਨੰਬਰ **1474** ਦੀ ਨਕਲ:-

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਭਾਰਤੀ ਫੌਜ ਵੱਲੋਂ 1984 ਵਿੱਚ ਕੀਤੇ ਹਮਲੇ ਸਮੇਂ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਸਦੀਵੀ ਯਾਦਗਾਰ ਬਨਾਉਣ ਸਬੰਧੀ ਮਾਮਲਾ ਮਾਨਯੋਗ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸਹਿਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸਮੂੰਹ ਸੰਗਤਾਂ ਦੀ ਪੁਰਜ਼ੋਰ ਮੰਗ ਦੇ ਅਧਾਰਪੁਰ ਨੀਯਤ ਸਬ-ਕਮੇਟੀ ਵੱਲੋਂ ਕੀਤੀ ਸਿਫਾਰਸ਼ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੂਨ 1984 ਨੂੰ ਭਾਰਤੀ ਫੌਜ ਦੇ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਅਤੇ ਹੋਰ ਅਨੇਕਾ ਸ਼ਹੀਦ ਸਿੰਘ, ਸਿੰਘਣੀਆ, ਭੁਝੰਗੀਆਂ ਦੀ ਯਾਦਗਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਨੇੜੇ ਖਾਲੀ ਪਈ ਜਗ੍ਹਾ ਤੇ ਆਰਕੀਟੈਕਟ ਤੋਂ ਨਕਸ਼ਾ ਤਿਆਰ ਕਰਵਾ ਕੇ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਬਨਾਉਣ ਦੀ ਪ੍ਰਵਾਨਗੀ ਦੇਂਦਿਆਂ ਯਾਦਗਾਰ ਪ੍ਰਵਾਨਤ ਨਕਸ਼ੇ ਅਨੁਸਾਰ ਬਨਾਉਣ ਦੀ ਸੇਵਾ ਬਾਬਾ ਹਰਨਾਮ ਸਿੰਘ ਜੀ ਮੁੱਖੀ ਦਮਦਮੀ ਟਕਸਾਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ(ਅੰਮ੍ਰਿਤਸਰ) ਨੂੰ ਇੱਕ ਸਾਲ ਦੇ ਸਮੇਂ ਲਈ ਦਿੱਤੀ ਜਾਂਦੀ ਹੈ।ਸੇਵਾ ਦੇ ਸਮੇਂ ਦੌਰਾਨ ਇਹ ਕੋਈ ਗੋਲਕ/ਟੋਕਰੀ ਆਦਿ ਨਹੀ ਰੱਖਣਗੇ।

ਇਹ ਭੀ ਪ੍ਰਵਾਨ ਹੋਇਆ ਕਿ ਯਾਦਗਾਰ ਬਨਾਉਣ ਸਮੇਂ ਜੇਕਰ ਕਮਰਾ ਨੰਬਰ 41 ਢਾਉਣ ਦੀ ਜਰੂਰਤ ਹੋਵੇ ਤਾਂ ਕਮਰਾ ਢਾਹ ਕੇ ਜਗ੍ਹਾ ਖੁੱਲੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਇਹ ਭੀ ਪ੍ਰਵਾਨ ਹੋਇਆ ਕਿ 1984 ਦੇ ਫੌਜੀ ਹਮਲੇ ਸਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿੱਚ ਲੱਗੀ ਗੋਲੀ, ਸੋਨੇ ਦੇ ਪੱਤਰਿਆਂ ਵਿੱਚ ਲੱਗੀ ਗੋਲੀਆਂ ਦੇ ਨਿਸ਼ਾਨ ਅਤੇ ਸ੍ਰੀ ਦਰਬਾਰ ਸਾਹਿਬ ਦੀਆਂ ਹੋਰ ਇਮਾਰਤਾਂ ਵਿੱਚ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਨੂੰ (ਸੁਰੱਖਿਅਤ) ਕਰ/ਕਰਵਾ ਕੇ ਇਤਿਹਾਸ ਵੱਜੋਂ ਸਾਂਭ ਸੰਭਾਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

$$$

ਦਫ਼ਤਰ:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ.1884/8-3...

ਮਿਤੀ.16.05.12....

ਉਪ੍ਰੋਕਤ ਉਤਾਰਾ:-1-ਸਕੱਤਰ ਸ਼੍ਰੋਮਣੀ ਕਮੇਟੀ।(2) ਐਡੀਸ਼ਨਲ ਸਕੱਤਰ(ਨਿੱਜੀ ਸਹਾਇਕ ਪ੍ਰਧਾਨ ਸਾਹਿਬ) ਸ਼੍ਰੋਮਣੀ ਕਮੇਟੀ।(3)ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। -ਦੀ ਸੇਵਾ ਵਿੱਚ ਗਿਆਤ/ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

(ਦਲਮੇਘ ਸਿੰਘ)ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।